3

# ਬਾਲ ਸਹਾਇਤਾ

PJB 003

## ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



**ਸਾਰੀਆਂ ਔਰਤਾਂ ਲਈ**
**ਇੱਕੋ ਪਰਿਵਾਰਕ ਕਾਨੂੰਨ।**

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਬਾਲ ਸਹਾਇਤਾ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

ਬੱਚਿਆਂ ਨੂੰ ਆਪਣੇ ਦੋਵੇਂ ਮਾਤਾ-ਪਿਤਾ ਤੋਂ ਹੀ ਵਿੱਤੀ ਸਹਾਇਤਾ ਲੈਣ ਦਾ ਹੱਕ ਹੁੰਦਾ ਹੈ। ਜੇ ਤੁਸੀਂ ਅਤੇ ਦੂਸਰਾ ਮਾਤਾ/ਪਿਤਾ ਇੱਕਠੇ ਨਹੀਂ ਰਹਿੰਦੇ ਹੋ ਤਾਂ ਤੁਹਾਨੂੰ ਆਪਣੇ ਬੱਚਿਆਂ ਦੀ ਦੇਖਭਾਲ 'ਤੇ ਹੋਣ ਵਾਲਾ ਖਰਚ ਮਿਲ ਕੇ ਕਰਨਾ ਪੈਂਦਾ ਹੈ।

ਜੇ ਆਪਣੇ ਬੱਚਿਆਂ ਦਾ ਕਬਜ਼ਾ ਤੁਹਾਡੇ ਕੋਲ ਹੈ (ਉਹ ਜ਼ਿਆਦਾਤਰ ਤੁਹਾਡੇ ਨਾਲ ਰਹਿੰਦੇ ਹਨ) ਤਾਂ ਤੁਸੀਂ ਉਹਨਾਂ ਦੇ ਦੂਸਰੇ ਮਾਤਾ/ਪਿਤਾ ਤੋਂ **ਬਾਲ ਸਹਾਇਤਾ (child support)** ਲੈਣ ਦੇ ਹੱਕਦਾਰ ਹੁੰਦੇ ਹੋ। ਇਸ ਵਿਅਕਤੀ ਨੂੰ **ਭੁਗਤਾਨਕਰਤਾ (payor)** ਕਿਹਾ ਜਾਂਦਾ ਹੈ। ਭੁਗਤਾਨਕਰਤਾ ਕੋਈ ਮਾਤਾ/ਪਿਤਾ ਜਾਂ ਕੋਈ ਗੋਦ ਲੈਣ ਵਾਲਾ ਮਾਤਾ/ਪਿਤਾ ਹੋ ਸਕਦਾ ਹੈ। ਕਿਸੇ ਮਤਰੇਏ ਮਾਤਾ/ਪਿਤਾ, ਜਿਸ ਨੇ ਕਿਸੇ ਮਾਤਾ/ਪਿਤਾ ਦਾ ਫਰਜ਼ ਨਿਭਾਇਆ ਹੋਵੇ, ਨੂੰ ਵੀ ਬਾਲ ਸਹਾਇਤਾ ਦੇਣੀ ਪੈ ਸਕਦੀ ਹੈ।

## ਬਾਲ ਸਹਾਇਤਾ ਕਿਵੇਂ ਪ੍ਰਾਪਤ ਕਰਨੀ ਹੈ

ਤੁਸੀਂ ਅਤੇ ਤੁਹਾਡੇ ਬੱਚੇ ਦਾ ਦੂਸਰਾ ਮਾਤਾ/ਪਿਤਾ, ਬਾਲ ਸਹਾਇਤਾ ਬਾਰੇ ਖ਼ੁੱਦ ਆਪਣੇ ਇੰਤਜ਼ਾਮ ਕਰ ਸਕਦੇ ਹੋ। ਜੇ ਤੁਸੀਂ ਰਾਸ਼ੀ ਬਾਰੇ ਸਹਿਮਤ ਨਹੀਂ ਹੁੰਦੇ, ਜਾਂ ਜੇ ਸਮਝੌਤਾ ਟੁੱਟ ਜਾਂਦਾ ਹੈ ਤਾਂ ਤੁਸੀਂ ਅਦਾਲਤ ਨੂੰ ਬਾਲ ਸਹਾਇਤਾ ਲਈ ਇੱਕ ਹੁਕਮ ਦੇਣ ਲਈ ਬੇਨਤੀ ਕਰ ਸਕਦੇ ਹੋ। ਜੇ ਬੱਚੇ ਦਾ ਕਬਜ਼ਾ ਤੁਹਾਡੇ ਕੋਲ ਹੈ ਅਤੇ ਤੁਹਾਨੂੰ ਬਾਲ ਸਹਾਇਤਾ ਦੀ ਲੋੜ ਹੈ ਤਾਂ ਕਿਸੇ ਵਕੀਲ ਨਾਲ ਗੱਲ ਕਰੋ।

## ਕਿਸੇ ਮਾਤਾ/ਪਿਤਾ ਨੂੰ ਕਿੰਨ੍ਹੀ ਦੇਰ ਤੱਕ ਬਾਲ ਸਹਾਇਤਾ ਦਾ ਭੁਗਤਾਨ ਕਰਨਾ ਚਾਹੀਦਾ ਹੈ?

ਬਾਲ ਸਹਾਇਤਾ ਉਦੋਂ ਤੱਕ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਤੱਕ ਬੱਚਾ ਹਾਲੇ ਨਿਰਭਰ ਹੋਵੇ। ਜ਼ਿਆਦਾਤਰ ਮਾਮਲਿਆਂ ਵਿੱਚ ਇਸ ਤੋਂ ਭਾਵ ਹੁੰਦਾ ਹੈ ਕਿ ਬਾਲ ਸਹਾਇਤਾ ਘੱਟੋ–ਘੱਟ 18 ਸਾਲ ਦਾ ਹੋਣ ਤਕ। 18 ਸਾਲ ਤੋਂ ਘੱਟ ਉਮਰ ਦੇ ਬੱਚੇ ਨਿਰਭਰ ਨਹੀਂ ਮੰਨੇ ਜਾਂਦੇ ਜੇ ਉਹਨਾਂ ਦਾ ਵਿਆਹ ਹੋ ਜਾਵੇ ਜਾਂ ਉਹ ਘਰ ਛੱਡ ਦਿੰਦੇ ਹਨ। ਭੁਗਤਾਨਕਰਤਾ ਮਾਤਾ/ਪਿਤਾ ਨੂੰ ਬੱਚੇ ਦੇ 18 ਸਾਲ ਦਾ ਹੋਣ ਤੋਂ ਬਾਅਦ ਵੀ ਬਾਲ ਸਹਾਇਤਾ ਦਿੰਦੇ ਰਹਿਣਾ ਪੈ ਸਕਦਾ ਹੈ ਜੇ ਬੱਚਾ ਬਿਮਾਰੀ, ਨਾਕਾਬਲੀਅਤ ਜਾਂ ਆਪਣੀ ਪੜ੍ਹਾਈ ਕਰ ਕੇ ਆਪਣਾ ਗੁਜ਼ਾਰਾ ਨਹੀਂ ਕਰ ਸਕਦਾ।

## ਅਦਾਲਤ ਬਾਲ ਸਹਾਇਤਾ ਦੀ ਰਾਸ਼ੀ ਕਿਵੇਂ ਤੈਅ ਕਰਦੀ ਹੈ?

ਫ਼ੈਡਰਲ ਅਤੇ ਸੂਬਾਈ ਸਰਕਾਰਾਂ ਉਹ ਮੁੱਢਲੀ ਰਾਸ਼ੀ ਤੈਅ ਕਰਦੀਆਂ ਹਨ ਜਿਹੜੀ ਭੁਗਤਾਨਕਰਤ ਮਾਪਿਆਂ ਨੂੰ ਬਾਲ ਸਹਾਇਤਾ ਵਜੋਂ ਦੇਣੀ ਪੈਂਦੀ ਹੈ। ਰਾਸ਼ੀਆਂ ਹਰੇਕ ਸੂਬੇ ਵਿੱਚ ਰਹਿਣ ‘ਤੇ ਆਉਣ ਵਾਲੇ ਖਰਚੇ ‘ਤੇ ਆਧਾਰਿਤ ਹੁੰਦੀਆਂ ਹਨ। ਇਹਨਾਂ ਰਾਸ਼ੀਆਂ ਨੂੰ **ਬਾਲ ਸਹਾਇਤਾ ਸੰਬੰਧੀ ਸੇਧਾਂ (Child Support Guidelines)** ਕਿਹਾ ਜਾਂਦਾ ਹੈ। ਇਹਨਾਂ ਨੂੰ 2006 ਵਿੱਚ ਨਵਿਆਇਆ ਗਿਆ ਸੀ। ਅਦਾਲਤਾਂ ਨੂੰ ਬਾਲ ਸਹਾਇਤਾ ਦੀਆਂ ਸਾਰੀਆਂ ਅਰਜ਼ੀਆਂ ਲਈ ਬਾਲ ਸਹਾਇਤਾ ਸੰਬੰਧੀ ਸੇਧਾਂ ਦਾ ਇਸਤੇਮਾਲ ਲਾਜ਼ਮੀ ਤੌਰ ‘ਤੇ ਕਰਨਾ ਪੈਂਦਾ ਹੈ।

ਮੁੱਢਲੀ ਰਾਸ਼ੀ ਜਿਸ ਦਾ ਕਿਸੇ ਭੁਗਤਾਨਕਰਤਾ ਨੂੰ ਲਾਜ਼ਮੀ ਭੁਗਤਾਨ ਕਰਨਾ ਪੈਂਦਾ ਹੈ, ਇਹਨਾਂ ਚੀਜ਼ਾਂ ‘ਤੇ ਆਧਾਰਿਤ ਹੁੰਦੀ ਹੈ:

- ਭੁਗਤਾਨਕਰਤਾ ਦੀ **ਕੁੱਲ ਆਮਦਨੀ।** ਇਸ ਤੋਂ ਭਾਵ ਹੁੰਦਾ ਹੈ ਕਿ ਟੈਕਸਾਂ ਦੇਣ ਤੋਂ ਪਹਿਲਾਂ ਜਾਂ ਕਟੌਤੀਆਂ ਕਰਨ ਤੋਂ ਪਹਿਲਾਂ ਉਹਨਾਂ ਦੀ ਆਮਦਨੀ ਕਿੰਨ੍ਹੀ ਸੀ, ਅਤੇ
- ਉਸ ਅਰਜ਼ੀ ਵਿੱਚ ਭੁਗਤਾਨਕਰਤਾ ਨੂੰ ਕਿੰਨੇ ਨਿਰਭਰ ਬੱਚਿਆਂ ਨੂੰ ਸਹਾਇਤਾ ਦੇਣ ਲਈ ਕਿਹਾ ਗਿਆ ਹੈ।

ਅਦਾਲਤਾਂ ਨੂੰ ਬਾਲ ਸਹਾਇਤਾ ਸੰਬੰਧੀ ਸੇਧਾਂ ਦਾ ਇਸਤੇਮਾਲ ਨਹੀਂ ਕਰਨਾ ਪੈਂਦਾ ਜੇ

- ਬੱਚੇ ਦੀ ਉਮਰ 18 ਸਾਲ ਤੋਂ ਉੱਪਰ ਹੋਵੇ
- ਬੱਚਾ ਆਪਣਾ ਘੱਟੋ-ਘੱਟ 40% ਸਮਾਂ ਹਰ ਮਾਤਾ/ਪਿਤਾ ਨਾਲ ਬਿਤਾਉਂਦਾ ਹੋਵੇ, ਜਾਂ
- ਰਿਸ਼ਤੇ ਵਿੱਚੋਂ ਬਹੁਤ ਸਾਰੇ ਬੱਚੇ ਹਨ ਅਤੇ ਹਰ ਮਾਤਾ/ਪਿਤਾ ਨਾਲ ਇੱਕ ਬੱਚਾ ਰਹਿ ਰਿਹਾ ਹੋਵੇ

ਇਹਨਾਂ ਮਾਮਲਿਆਂ ਵਿੱਚ, ਅਦਾਲਤ ਤੁਹਾਡੇ ਪਰਿਵਾਰ ਦੀ ਸਥਿਤੀ ਨੂੰ ਦੇਖੇਗੀ। ਸਹਾਇਤਾ ਰਾਸ਼ੀ ਦੋਵੇਂ ਮਾਪਿਆਂ ਦੀ ਆਮਦਨੀ ਅਤੇ ਬੱਚਿਆਂ ਦੀ ਲੋੜ 'ਤੇ ਆਧਾਰਿਤ ਹੋਵੇਗੀ।

ਕਈ ਮਾਮਲਿਆਂ ਵਿੱਚ ਅਦਾਲਤ ਭੁਗਤਾਨਕਰਤਾ ਮਾਤਾ/ਪਿਤਾ ਨੂੰ ਸੇਧਾਂ ਵਿਚਲੀ ਮੱਢਲੀ ਰਾਸ਼ੀ ਦੇਣ ਦਾ ਹੁਕਮ ਦੇਵੇਗੀ। ਪਰ ਤੁਸੀਂ ਖਾਸ ਖਰਚਿਆਂ ਲਈ ਵਾਧੂ ਬਾਲ ਸਹਾਇਤਾ ਪ੍ਰਾਪਤ ਕਰ ਸਕਦੇ ਹੋ ਜਿਵੇਂ ਦਿਨ ਸਮੇਂ ਦੇਖਭਾਲ (ਡੇ ਕੇਅਰ) ਅਤੇ ਸਿੱਖਿਆ ਲਈ ਦਿੱਤੀਆਂ ਜਾਣ ਵਾਲੀਆਂ ਫੀਸਾਂ ਜਾਂ ਸਿਹਤ ਸੰਭਾਲ 'ਤੇ ਹੋਣ ਵਾਲੇ **.ਗੈਰ-ਮਾਮੂਲੀ ਖਰਚੇ**। ਜੇ ਤੁਹਾਡੇ ਬੱਚੇ ਦੇ ਕੋਈ ਖਾਸ ਖਰਚੇ ਹਨ ਤਾਂ ਤੁਹਾਨੂੰ ਅਤੇ ਦੂਸਰੇ ਮਾਤਾ/ਪਿਤਾ ਨੂੰ ਖਰਚੇ ਬਰਾਬਰ ਵੰਡ ਕੇ ਕਰਨੇ ਚਾਹੀਦੇ ਹਨ। ਤੁਹਾਡੇ ਵਿਚੋਂ ਹਰੇਕ ਦੁਆਰਾ ਦਿੱਤੀ ਜਾਣ ਵਾਲੀ ਰਾਸ਼ੀ ਤੁਹਾਡੀ ਆਮਦਨੀ 'ਤੇ ਨਿਰਭਰ ਕਰਦੀ ਹੈ।

ਟਾਂਵੇ-ਟਾਂਵੇ ਮਾਮਲਿਆਂ ਵਿੱਚ ਅਦਾਲਤ ਸਹਾਇਤਾ ਦੀ ਮੁੱਢਲੀ ਰਾਸ਼ੀ ਨੂੰ ਘਟਾ ਸਕਦੀ ਹੈ। ਅਦਾਲਤ ਅਜਿਹਾ ਸਿਰਫ ਤਾਂ ਹੀ ਕਰੇਗੀ ਜੇ ਭੁਗਤਾਨ ਕਰਨ ਵਾਲਾ ਮਾਤਾ/ਪਿਤਾ ਇਹ ਸਾਬਿਤ ਕਰ ਸਕੇ ਕਿ ਸੇਧਾਂ ਵਿੱਚ ਦਿੱਤੀ ਹੋਈ ਰਾਸ਼ੀ ਉਸ ਲਈ **ਨਾਵਾਜਬ ਪ੍ਰੇਸ਼ਾਨੀ** ਦਾ ਕਾਰਨ ਬਣੇਗੀ। ਇਸ ਤੋਂ ਭਾਵ ਹੈ ਕਿ ਉਹ ਆਪਣੇ ਖੁਦ ਦੇ ਰਹਿਣ ਸਹਿਣ ਦੇ ਖਰਚਿਆਂ ਦਾ ਭੁਗਤਾਨ ਨਹੀਂ ਕਰ ਸਕੇਗਾ। ਉਦਾਹਰਣ ਦੇ ਤੌਰ 'ਤੇ, ਅਦਾਲਤ ਸਹਾਇਤਾ ਦੀ ਰਾਸ਼ੀ ਨੂੰ ਘਟਾ ਸਕਦੀ ਹੈ ਜੇ ਭੁਗਤਾਨਕਰਤਾ ਕਿਸੇ ਰੂਪ ਵਿੱਚ ਅਪਾਹਜ ਹੋਵੇ ਜਾਂ ਜੇ ਉਹ ਦੂਸਰੇ ਨਿਰਭਰਾਂ ਨੂੰ ਵੀ ਸਹਾਇਤਾ ਦੇ ਰਿਹਾ ਹੋਵੇ।

ਭੁਗਤਾਨਕਰਤਾ ਆਪਣੇ ਵੱਲੋਂ ਦਿੱਤੀ ਜਾਣ ਵਾਲੀ ਬਾਲ ਸਹਾਇਤਾ ਦੀ ਰਾਸ਼ੀ ਬਦਲੇ ਟੈਕਸ ਵਿੱਚ ਛੋਟ ਦਾ ਦਾਅਵਾ ਨਹੀਂ ਕਰ ਸਕਦਾ। ਤੁਹਾਨੂੰ ਬਾਲ ਸਹਾਇਤਾ ਵਜੋਂ ਮਿਲਣ ਵਾਲੀਆਂ ਰਾਸ਼ੀਆਂ ਨੂੰ ਆਮਦਨ ਵਜੋਂ ਐਲਾਨਣਾ ਨਹੀਂ ਪੈਂਦਾ।

## ਕੀ ਮੈਂ ਹੁਕਮ ਵਿੱਚ ਦਿੱਤੀ ਗਈ ਸਹਾਇਤਾ ਦੀ ਰਾਸ਼ੀ ਨੂੰ ਬਦਲ ਸਕਦਾ ਹਾਂ?

ਜੇ ਤੁਸੀਂ ਅਤੇ ਦੂਸਰਾ ਮਾਤਾ/ਪਿਤਾ ਇਸ ਗੱਲ 'ਤੇ ਸਹਿਮਤ ਹੋਵੇ ਕਿ ਬਾਲ ਸਹਾਇਤਾ ਦੀ ਰਾਸ਼ੀ ਨੂੰ ਬਦਲਣ ਦੀ ਲੋੜ ਹੈ ਤਾਂ ਤੁਸੀਂ ਇੱਕ ਨਵੇਂ ਸਮਝੌਤੇ 'ਤੇ ਦਸਤਖਤ ਕਰ ਸਕਦੇ ਹੋ। ਜੇ ਤੁਸੀਂ ਕਿਸੇ ਨਵੀਂ ਰਾਸ਼ੀ 'ਤੇ ਸਹਿਮਤ ਨਹੀਂ ਹੋ ਸਕਦੇ, ਤਾਂ ਤੁਹਾਡੇ ਵਿਚੋਂ ਕੋਈ, ਅਦਾਲਤ ਨੂੰ ਮੌਜੂਦਾ ਹੁਕਮ ਨੂੰ ਬਦਲਣ ਦੀ ਬੇਨਤੀ ਕਰ ਸਕਦਾ ਹੈ। ਇਸ ਨੂੰ **ਬਾਲ ਸਹਾਇਤਾ ਹੁਕਮ ਨੂੰ ਬਦਲਣਾ** ਕਿਹਾ ਜਾਂਦਾ ਹੈ। ਤੁਸੀਂ ਅਦਾਲਤ ਨੂੰ ਬਾਲ ਸਹਾਇਤਾ ਦੀ ਰਾਸ਼ੀ ਬਦਲਣ ਜਾਂ ਮੌਜੂਦਾ ਹੁਕਮ ਦੀਆਂ ਮੱਦਾਂ ਨੂੰ ਬਦਲਣ ਲਈ ਬੇਨਤੀ ਕਰ ਸਕਦੇ ਹੋ।

ਅਦਾਲਤ ਸਿਰਫ ਤਾਂ ਹੀ ਸਹਾਇਤਾ ਦੀ ਰਾਸ਼ੀ ਬਦਲੇਗਾ ਜੇ ਸਥਿਤੀ ਬਹੁਤ ਹਦ ਤੱਕ ਬਦਲ ਚੁੱਕੀ ਹੋਵੇ, ਉਦਾਹਰਨ ਲਈ ਜੇ ਭੁਗਤਾਨਕਰਤਾ ਮਾਤਾ/ਪਿਤਾ ਦੀ ਆਮਦਨੀ ਵੱਧ ਜਾਂ ਘੱਟ ਗਈ ਹੋਵੇ, ਬੱਚੇ ਦੇ ਰਹਿਣ-ਸਹਿਣ ਦੇ ਹਾਲਾਤ ਬਦਲ ਗਏ ਹੋਣ, ਜਾਂ ਨਵੇਂ ਵਿਸ਼ੇਸ਼ ਖਰਚੇ ਕੀਤੇ ਗਏ ਹੋਣ।

## ਤੁਹਾਡੇ ਹੱਕ ਅਤੇ ਜ਼ੁੰਮੇਵਾਰੀਆਂ

ਜਦੋਂ ਤੁਸੀਂ ਬਾਲ ਸਹਾਇਤਾ ਲਈ ਦਰਖਾਸਤ ਦਿੰਦੇ ਹੋ, ਤਾਂ ਤੁਹਾਡੇ ਹੱਕ ਅਤੇ ਜ਼ੁਮੇਵਾਰੀਆਂ ਹੁੰਦੇ ਹਨ।

### 1. ਭੁਗਤਾਨਕਰਤਾ ਦੀ ਆਰਥਿਕ ਹਾਲਤ ਬਾਰੇ ਜਾਣਕਾਰੀ ਲੈਣ ਦਾ ਅਧਿਕਾਰ

ਜੇ ਤੁਸੀਂ ਬਾਲ ਸਹਾਇਤਾ ਲਈ ਦਰਖਾਸਤ ਦਿੰਦੇ ਹੋ ਤਾਂ ਤੁਹਾਨੂੰ ਆਪਣੇ ਸਾਥੀ ਦੀ ਆਰਥਿਕ ਹਾਲਤ ਬਾਰੇ ਸੱਚਾਈ ਜਾਣਨ ਦਾ ਹੱਕ ਹੁੰਦਾ ਹੈ। ਇਸ ਨੂੰ **ਵਿੱਤੀ ਖੁਲਾਸਾ (financial disclosure)** ਕਿਹਾ ਜਾਂਦਾ ਹੈ। ਇਹ ਗੱਲ ਪੱਕੀ ਕਰਨ ਲਈ ਕਿ ਸਹਾਇਤਾ ਰਾਸ਼ੀ ਸਹੀ ਹੈ, ਤੁਹਾਨੂੰ ਸਾਲ ਵਿੱਚ ਇੱਕ ਵਾਰੀ ਭੁਗਤਾਨਕਰਤਾ ਮਾਤਾ/ਪਿਤਾ ਕੋਲੋਂ ਪੂਰਾ ਵਿੱਤੀ ਖੁਲਾਸਾ ਪ੍ਰਾਪਤ ਕਰਨ ਦਾ ਹੱਕ ਹੁੰਦਾ ਹੈ।

ਕਈ ਵਾਰੀ, ਭੁਗਤਾਨਕਰਤਾ ਮਾਤਾ/ਪਿਤਾ ਸਹਿਯੋਗ ਨਹੀਂ ਕਰਦਾ। ਉਹ ਇਹ ਸਭ ਕਰ ਸਕਦਾ ਹੈ:

- ਤੁਹਾਡੇ ਵੱਲੋਂ ਮੰਗੀ ਗਈ ਜਾਣਕਾਰੀ ਤੁਹਾਨੂੰ ਨਹੀਂ ਦਿੰਦਾ, ਜਾਂ
- ਬੇਰੁਜ਼ਗਾਰ ਹੋਣ ਜਾਂ ਕੋਈ ਅਜਿਹੀ ਨੌਕਰੀ ਕਰਨ ਦਾ ਫੈਸਲਾ ਕਰ ਸਕਦਾ ਹੈ ਜਿਸ ਵਿੱਚ ਜ਼ਿਆਦਾ ਪੈਸੇ ਨਾ ਮਿਲਦੇ ਹੋਣ, ਤਾਂ ਜੇ ਉਸਨੂੰ ਬਾਲ ਸਹਾਇਤਾ ਦਾ ਭੁਗਤਾਨ ਨਾ ਕਰਨਾ ਪਵੇ।

ਜੇ ਅਜਿਹਾ ਹੁੰਦਾ ਹੈ ਤਾਂ ਅਦਾਲਤ ਅਨੁਮਾਨ ਲਗਾ ਸਕਦੀ ਹੈ ਕਿ ਇਸ ਦੇ ਵਿਚਾਰ ਵਿੱਚ ਉਸਦੀ ਆਮਦਨੀ ਕਿੰਨ੍ਹੀ ਹੈ ਜਾਂ ਕਿੰਨੀ ਹੋਣੀ ਚਾਹੀਦੀ ਹੈ। ਇਸ ਨੂੰ ਭੁਗਤਾਨਕਰਤਾ ਮਾਤਾ/ਪਿਤਾ ‘ਤੇ ਇੱਕ **ਆਮਦਨੀ ਦੀ ਜ਼ਿੰਮੇਵਾਰੀ ਪਾਉਣਾ (imputing an income)** ਕਿਹਾ ਜਾਂਦਾ ਹੈ। ਅਦਾਲਤ ਮਿੱਥੀ ਗਈ ਆਮਦਨੀ ਤੋਂ ਇਹ ਫ਼ੈਸਲਾ ਕਰੇਗੀ ਕਿ ਤੁਹਾਨੂੰ ਕਿੰਨੀ ਬਾਲ ਸਹਾਇਤਾ ਰਾਸ਼ੀ ਦੇਣੀ ਪੈਣੀ ਹੈ।

## 2. ਸਮਾਜਿਕ ਸਹਾਇਤਾ ਲੈ ਰਹੇ ਮਾਤਾ/ਪਿਤਾ

ਜੇ ਤੁਸੀਂ **ਸਮਾਜਿਕ ਸਹਾਇਤਾ** *(ਓਂਟਾਰੀਓ ਵਰਕਸ ਜਾਂ ਓਂਟਾਰੀਓ ਡਿਸਏਬਿਲਿਟੀ ਸਪੋਰਟ ਪਰੋਗਰਾਮ)* 'ਤੇ ਹੋ, ਤਾਂ ਵੀ ਤੁਹਾਨੂੰ ਦੂਸਰੇ ਮਾਤਾ/ਪਿਤਾ ਤੋਂ ਸਹਾਇਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਪੈਣੀ ਹੈ। ਜੇ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਤੁਹਾਡੀ ਸਮਾਜਿਕ ਸਹਾਇਤਾ ਵਿੱਚ ਕਟੌਤੀ ਕੀਤੀ ਜਾ ਸਕਦੀ ਹੈ ਜਾਂ ਇਸ ਨੂੰ ਰੱਦ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸਮਾਜਿਕ ਸਹਾਇਤਾ ਪ੍ਰਾਪਤ ਕਰ ਰਹੇ ਹੋ ਤਾਂ ਤੁਹਾਨੂੰ ਬਾਲ ਸਹਾਇਤਾ ਵਿੱਚ ਪ੍ਰਾਪਤ ਹੋਣ ਵਾਲਾ ਹਰੇਕ ਡਾਲਰ ਤੁਹਾਨੂੰ ਹਰ ਮਹੀਨੇ ਮਿਲਣ ਵਾਲੀ ਸਮਾਜਿਕ ਸਹਾਇਤਾ ਦੀ ਰਾਸ਼ੀ ਵਿਚੋਂ ਕੱਟ ਲਿਆ ਜਾਵੇਗਾ।

ਜੇ ਤੁਹਾਡੇ ਕੋਲ ਸਹਾਇਤਾ ਬਾਰੇ ਕੋਈ ਹੁਕਮ ਨਹੀਂ ਹੈ ਤਾਂ ਸਰਕਾਰ ਤੁਹਾਡੇ ਵਲੋਂ ਸਹਾਇਤਾ ਲਈ ਦਰਖ਼ਾਸਤ ਦੇ ਸਕਦੀ ਹੈ। ਤੁਹਾਡੇ ਤੋਂ ਦਰਖ਼ਾਸਤ ਵਿੱਚ ਸਹਿਯੋਗ ਕਰਨ ਦੀ ਆਸ ਕੀਤੀ ਜਾਵੇਗੀ। ਸਰਕਾਰ ਸਹਾਇਤਾ ਲਈ ਦਰਖ਼ਾਸਤ ਨਾ ਕਰਨ ਦਾ ਫ਼ੈਸਲਾ ਕਰ ਸਕਦੀ ਹੈ ਜੇ ਉਹ ਦੂਸਰੇ ਮਾਤਾ/ਪਿਤਾ ਨੂੰ ਨਹੀਂ ਲੱਭ ਸਕਦੀ ਜਾਂ ਜੇ ਭੁਗਤਾਨਕਰਤਾ ਮਾਤਾ/ਪਿਤਾ ਦੁਆਰਾ ਤੁਹਾਡੇ ਨਾਲ ਦੁਰਵਿਹਾਰ ਕੀਤਾ ਗਿਆ ਸੀ ਅਤੇ ਤੁਹਾਡੀ ਸੁਰੱਖਿਆ ਪ੍ਰਤੀ ਚਿੰਤਾ ਬਣੀ ਹੋਈ ਹੈ।

ਸਮਾਜਿਕ ਸਹਾਇਤਾ ਲੈ ਰਹੇ ਭੁਗਤਾਨਕਰਤਾ ਮਾਪਿਆਂ ਤੋਂ ਕੁੱਝ ਬਾਲ ਸਹਾਇਤਾ ਦਿੱਤੇ ਜਾਣ ਦੀ ਆਸ ਕੀਤੀ ਜਾਂਦੀ ਹੈ ਜੇ ਉਹਨਾਂ ਦੀ ਸਾਲਾਨਾ ਆਮਦਨੀ $6,700 ਤੋਂ ਵੱਧ ਹੋਵੇ।

## ਹੁਕਮਾਂ ਨੂੰ ਕੌਣ ਲਾਗੂ ਕਰਦਾ ਹੈ?

ਬਾਲ ਸਹਾਇਤਾ ਸੰਬੰਧੀ ਹੁਕਮ **ਫੈਮਿਲੀ ਰਿਸਪਾਂਸਿਬਿਲਿਟੀ ਆਫਿਸ** (FRO) ਦੁਆਰਾ ਲਾਗੂ ਕੀਤੇ ਜਾਂਦੇ ਹਨ। FRO ਸੂਬਾਈ ਸਰਕਾਰ ਦਾ ਇੱਕ ਦਫਤਰ ਹੈ। ਸਹਾਇਤਾ ਸੰਬੰਧੀ ਹਰ ਅਦਾਲਤੀ ਹੁਕਮ ਆਪਣੇ ਆਪ FRO ਕੋਲ ਦਾਇਰ ਹੋ ਜਾਂਦਾ ਹੈ। ਜੇ ਸਹਾਇਤਾ ਬਾਰੇ ਤੁਹਾਡਾ ਅਤੇ ਤੁਹਾਡੇ ਸਾਥੀ ਦਾ ਕੋਈ ਸਮਝੌਤਾ ਹੋਇਆ ਹੋਵੇ ਤਾਂ ਤੁਸੀਂ ਇਸਨੂੰ ਲਾਗੂ ਕਰਵਾਉਣ ਲਈ ਇਸਦੀ ਇੱਕ ਨਕਲ FRO ਕੋਲ ਦਾਇਰ ਕਰ ਸਕਦੇ ਹੋ।

## FRO ਦੀ ਕਾਰਵਾਈ ਕਿਵੇਂ ਚੱਲਦੀ ਹੈ?

ਜਦੋਂ ਕੋਈ ਸਹਾਇਤਾ ਹੁਕਮ FRO ਕੋਲ ਦਾਇਰ ਕੀਤਾ ਜਾਂਦਾ ਹੈ ਤਾਂ ਦੂਸਰੇ ਮਾਤਾ/ਪਿਤਾਸ ਨੂੰ ਸਾਰੀਆਂ ਸਹਾਇਤਾ ਰਾਸ਼ੀਆਂ ਲਾਜ਼ਮੀ FRO ਨੂੰ ਭੇਜਣੀਆਂ ਪੈਂਦੀਆਂ ਹਨ। ਇੱਕ ਵਾਰੀ ਪੈਸਾ ਮਿਲਣ ‘ਤੇ FRO, ਇਹ ਤੁਹਾਨੂੰ ਭੇਜ ਦਿੰਦਾ ਹੈ।

FRO ਕੋਲ ਅਨੇਕਾਂ ਫਾਈਲਾਂ ਹੁੰਦੀਆਂ ਹਨ। ਕਿਉਂਕਿ ਇਹ ਦਫਤਰ ਬੇਹੱਦ ਰੁਝੇਵੇਂ ਭਰਿਆ ਹੁੰਦਾ ਹੈ, ਹੁਕਮ ਹੋਣ ਤੋਂ ਬਾਅਦ ਤੁਹਾਨੂੰ ਸਹਾਇਤਾ ਦਾ ਧਨ ਮਿਲਣਾ ਸ਼ੁਰੂ ਹੋਣ ਤੋਂ ਪਹਿਲਾਂ ਕਈ ਮਹੀਨਿਆਂ ਤਕ ਉਡੀਕ ਕਰਨੀ ਪੈ ਸਕਦੀ ਹੈ।

## ਕੀ ਹੁੰਦਾ ਹੈ ਜੇ ਭੁਗਤਾਨਕਰਤਾ ਅਦਾਇਗੀ ਨਹੀਂ ਕਰਦਾ?

ਕਈ ਵਾਰੀ ਭੁਗਤਾਨਕਰਤਾ ਦੇਰੀ ਨਾਲ ਭੁਗਤਾਨ ਕਰਦਾ ਹੈ ਜਾਂ ਕੋਈ ਕਿਸ਼ਤ ਨਹੀਂ ਦਿੰਦਾ। FRO ਰਾਸ਼ੀ ਲੈਣ ਲਈ ਹੇਠ ਲਿਖੇ ਕਦਮ ਚੁੱਕ ਸਕਦਾ ਹੈ:

- ਜੇ ਭੁਗਤਾਨ ਕਰਨ ਵਾਲਾ ਰੋਜ਼ਗਾਰਸ਼ੁਦਾ ਹੈ ਤਾਂ FRO ਉਸਦੇ ਰੋਜ਼ਗਾਰਦਾਤਾ ਨੂੰ ਉਸ ਦੀ ਤਨਖਾਹ ਵਿਚੋਂ ਸਹਾਇਤਾ ਰਾਸ਼ੀ ਲੈਣ ਦਾ ਹੁਕਮ ਦੇ ਸਕਦਾ ਹੈ।
- ਜੇ ਭੁਗਤਾਨਕਰਤਾ ਬੇਰੁਜ਼ਗਾਰ ਹੈ ਜਾਂ ਉਸ ਦਾ ਆਪਣਾ ਕੋਈ ਕੰਮ-ਕਾਰ ਹੈ ਤਾਂ FRO ਉਸ ਦੇ ਬੈਂਕ ਖਾਤੇ ਵਿਚੋਂ ਧਨ ਲੈਣ ਦੀ ਕੋਸ਼ਿਸ਼ ਕਰ ਸਕਦਾ ਹੈ। ਇਸ ਨੂੰ ਉਸ ਦੇ ਖਾਤੇ ਨੂੰ **ਕੁਰਕੀ** ਕਰਨਾ ਜਾਂ **ਗਾਰਨਿਸ਼ਮੈਂਟ** ਕਿਹਾ ਜਾਂਦਾ ਹੈ। FRO ਉਸਦੀ ਨਿਜੀ ਜਾਇਦਾਦ, ਜਿਵੇਂ ਕਿ ਕਾਰ ਜਾਂ ਮਕਾਨ, 'ਤੇ ਵੀ ਇਕ ਕਾਨੂੰਨੀ ਦਾਅਵਾ ਪਾ ਸਕਦਾ ਹੈ। ਜੇ ਉਹ ਇਸ ਜਾਇਦਾਦ ਨੂੰ ਵੇਚਣ ਦੀ ਕੋਸ਼ਿਸ਼ ਕਰਦਾ ਹੈ ਤਾਂ FRO ਨੂੰ ਉਹ ਧਨ ਮਿਲੇਗਾ ਜੋ ਭੁਤਾਨਕਰਤਾ ਨੇ ਦੇਣਾ ਹੈ।
- ਜੇ ਭੁਗਤਾਨਕਰਤਾ ਹਮੇਸ਼ਾਂ ਹੀ ਦੇਰੀ ਨਾਲ ਭੁਗਤਾਨ ਕਰਦਾ ਹੈ ਜਾਂ ਬਾਲ ਸਹਾਇਤਾ ਵਿੱਚ ਬਹੁਤ ਸਾਰੇ ਪੈਸੇ ਦਾ ਦੇਣਦਾਰ ਹੈ ਤਾਂ FRO ਉਸਦੇ ਗੱਡੀ ਚਲਾਉਣ ਦੇ ਲਾਇਸੈਂਸ ਅਤੇ ਹੋਰ ਕਿਸਮਾਂ ਦੇ ਲਾਇਸੈਂਸਾਂ, ਜਿਵੇਂ ਕਿ ਸ਼ਿਕਾਰ ਕਰਨ ਅਤੇ ਮੱਛੀ ਫੜਨ ਦੇ ਲਾਇਸੈਂਸ, ਨੂੰ ਮੁਅੱਤਲ ਕਰ ਕੇ ਉਸਨੂੰ ਭੁਗਤਾਨ ਕਰਨ ਲਈ ਮਜ਼ਬੂਰ ਕਰ ਸਕਦਾ ਹੈ। ਇਹ ਉਸ ਦੇ ਪਾਸਪੋਰਟ ਨੂੰ ਰੱਦ ਕਰ ਸਕਦਾ ਹੈ। ਇਹ ਉਹ ਧਨ ਵੀ ਲੈ ਸਕਦਾ ਹੈ ਜੋ ਉਸ ਨੂੰ ਸਰਕਾਰ ਵੱਲੋਂ ਮਿਲਣਾ ਹੋਵੇ, ਜਿਵੇਂ ਕਿ ਕੋਈ ਟੈਕਸ ਰਿਫੰਡ ਜਾਂ ਬੇਰੋਜ਼ਗਾਰੀ ਭੱਤਾ।

## ਕੀ ਹੋਵੇਗਾ ਜੇ ਭੁਗਤਾਨਕਰਤਾ, ਓਂਟਾਰੀਓ ਵਿੱਚ ਨਾ ਰਹਿੰਦਾ ਹੋਵੇ?

FRO ਤੁਹਾਨੂੰ ਸਹਾਇਤਾ ਰਾਸ਼ੀ ਇੱਕਠੀ ਕਰਨ ਵਿੱਚ ਮਦਦ ਦੇ ਸਕਦਾ ਹੈ ਜੇ ਭੁਗਤਾਨਕਰਤਾ ਮਾਤਾ/ਪਿਤਾ ਕੈਨੇਡਾ ਜਾਂ ਸੰਯੁਕਤ ਰਾਜ ਵਿੱਚ ਕਿਸੇ ਹੋਰ ਸਥਾਨ 'ਤੇ ਰਹਿੰਦਾ ਹੈ। ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਸਾਰੇ ਹੀ ਸੂਬਿਆਂ ਅਤੇ ਰਾਜਾਂ ਨੇ ਅਜਿਹੇ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ ਜੋ FROs ਨੂੰ ਇਹਨਾਂ ਹੱਦਾਂ ਦੇ ਪਾਰ ਵੀ ਸਹਾਇਤਾ ਦੇ ਹੁਕਮ ਲਾਗੂ ਕਰਨ ਦੇ ਸਮਰਥ ਬਣਾਉਦੇ ਹਨ। ਓਂਟਾਰੀਓ ਦੇ ਕੁੱਝ ਦੂਸਰੇ ਦੇਸ਼ਾਂ ਨਾਲ ਵੀ ਸਮਝੌਤੇ ਹਨ ਜਿੰਨ੍ਹਾਂ ਵਿੱਚ ਬਰਮੂਡਾ, ਗ੍ਵਾਨਾ, ਹਾਂਗ ਕਾਂਗ, ਚੈੱਕ ਰਿਪਬਲਿਕ ਅਤੇ ਯੂਨਈਟਿਡ ਕਿੰਗਡਮ ਸ਼ਾਮਲ ਹਨ।

ਜੇ ਭੁਗਤਾਨਕਰਤਾ ਮਾਤਾ/ਪਿਤਾ ਕਿਸੇ ਅਜਿਹੇ ਦੇਸ਼ ਵਿੱਚ ਰਹਿੰਦਾ ਹੈ ਜਿਸਦਾ ਓਂਟਾਰਓ ਨਾਲ ਕੋਈ ਸਮਝੌਤਾ ਨਹੀਂ ਹੈ, ਤਾਂ FRO ਸਹਾਇਤਾ ਹੁਕਮ ਨੂੰ ਲਾਗੂ ਕਰਨ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦਾ। ਇੱਕੋ-ਇੱਕ ਢੰਗ ਜਿਸ ਨਾਲ ਤੁਸੀਂ ਸਹਾਇਤਾ ਇੱਕਠੀ ਕਰ ਸਕਦੇ ਹੋ, ਉਹ ਹੈ ਉਸ ਦੇਸ਼ ਦੇ ਕਾਨੂੰਨ ਦਾ ਇਸਤੇਮਾਲ ਕੀਤਾ ਜਾਵੇ ਜਿੱਥੇ ਭੁਗਤਾਨਕਰਤਾ ਰਹਿੰਦਾ ਹੋਵੇ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. **ਬਾਲ ਸਹਾਇਤਾ (PJB 003)**
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।